# ਪੰਜਾਬ ਸਕੂਲ ਸਿੱਖਿਆ ਬੋਰਡ
## (ਐਫੀਲੀਏਸ਼ਨ ਸ਼ਾਖਾ)

4136/ਐਫੀ:
30.8.19

**ਵਿਸ਼ਾ: ਪੰਜਵੀਂ ਅਤੇ ਅੱਠਵੀਂ ਦਾ ਆਰਜੀ ਐਫੀਲੀਏਸ਼ਨ ਸ਼ਨਾਖਤੀ ਨੰਬਰ ਲੈਣ ਸਬੰਧੀ ਹਦਾਇਤਾਂ ਅਤੇ ਆਨਲਾਇਨ ਪੋਰਟਲ ਤੇ ਵੇਰਵੇ ਭਰਨ ਦੀ ਮਿਤੀ ਵਿੱਚ 15-10-2019 ਤੱਕ ਵਾਧਾ ਕਰਨ ਬਾਰੇ।**

ਉਪਰੋਕਤ ਵਿਸ਼ੇ ਸਬੰਧੀ ਸਮੂਹ ਸਕੂਲ ਮੁੱਖੀਆਂ ਨੂੰ ਦੱਸਿਆ ਜਾਂਦਾ ਹੈ ਕਿ:-

1. ਪੰਜਵੀਂ ਅਤੇ ਅੱਠਵੀਂ ਤੱਕ ਦੀ ਆਰਜੀ ਐਫੀਲੀਏਸ਼ਨ ਲੈਣ ਲਈ ਆਨਲਾਇਨ ਐਂਟਰੀ ਅਤੇ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ ਬਿਨ੍ਹਾਂ ਲੇਟ ਫੀਸ ਤੋਂ 30-09-2019 ਸੀ, ਵਿੱਚ ਵਾਧਾ ਕਰਦੇ ਹੋਏ ਇਸ ਮਿਤੀ ਨੂੰ 15-10-2019 ਕਰ ਦਿੱਤਾ ਗਿਆ ਹੈ (ਸ਼ਡਿਊਲ ਨੱਥੀ ਹੈ)।

2. ਜਿਨ੍ਹਾਂ ਸੰਸਥਾਵਾਂ ਵੱਲੋਂ ਅੱਠਵੀਂ ਪੱਧਰ ਤੱਕ ਦੀ ਆਰਜੀ ਐਫੀਲੀਏਸ਼ਨ ਪ੍ਰਾਪਤ ਕਰਨ ਲਈ ਆਨ-ਲਾਇਨ ਪ੍ਰੋਫਾਰਮਾ ਭਰਿਆ ਜਾ ਰਿਹਾ ਹੈ, ਉਹਨਾਂ ਨੂੰ ਕੇਵਲ 8,000/-ਰੁ: ਫੀਸ ਹੀ ਜਮ੍ਹਾ ਕਰਵਾਉਣੀ ਹੋਵੇਗੀ। ਪੰਜਵੀਂ ਪੱਧਰ ਲਈ ਅਲੱਗ ਫੀਸ/ਪ੍ਰੋਫਾਰਮਾ ਭਰਨ ਦੀ ਲੋੜ ਨਹੀਂ ਹੈ।

3. ਜਿਨ੍ਹਾਂ ਸੰਸਥਾਵਾਂ ਵੱਲੋਂ ਪੰਜਵੀਂ ਪੱਧਰ ਤੱਕ ਦੀ ਆਰਜੀ ਐਫੀਲੀਏਸ਼ਨ ਪ੍ਰਾਪਤ ਕਰਨ ਲਈ ਆਨ-ਲਾਇਨ ਪ੍ਰੋਫਾਰਮਾ ਭਰਿਆ ਜਾ ਰਿਹਾ ਹੈ, ਉਹਨਾਂ ਨੂੰ ਕੇਵਲ 5,000/-ਰੁ: ਫੀਸ ਹੀ ਜਮ੍ਹਾ ਕਰਵਾਉਣੀ ਹੋਵੇਗੀ।

4. ਜਿਹੜੀਆਂ ਸੰਸਥਾਵਾਂ ਅੱਠਵੀਂ ਪੱਧਰ ਤੱਕ ਆਰਜੀ ਐਫੀਲੀਏਸ਼ਨ ਲੈਣ ਲਈ ਪ੍ਰੋਫਾਰਮਾ ਭਰਨਾ ਚਾਹੁੰਦੀਆਂ ਹਨ ਪਰ ਉਹਨਾਂ ਵੱਲੋਂ ਗਲਤੀ ਨਾਲ ਪੰਜਵੀਂ ਪੱਧਰ ਤੱਕ ਦਾ ਚਲਾਨ ਜਰਨੇਟ ਹੋ ਗਿਆ ਹੈ, ਅਜਿਹੀਆਂ ਸੰਸਥਾਵਾਂ ਵੱਲੋਂ ਜਨਰੇਟ ਹੋਏ ਚਲਾਨ ਦੀ ਕਾਪੀ ਅਤੇ ਆਪਣੇ ਸਕੂਲ ਦੇ ਲੈਟਰ ਹੈੱਡ ਤੇ ਚਲਾਨ ਕੈਂਸਲ ਕਰਵਾਉਣ ਲਈ ਈ.ਮੇਲ ਆਈ.ਡੀ branchaffiliation@gmail.com ਤੇ ਪ੍ਰਤੀ ਬੇਨਤੀ ਭੇਜੀ ਜਾਵੇ, ਤਾਂ ਜੋ ਗਲਤ ਚਲਾਨ ਕੈਂਸਲ ਕਰਕੇ ਨਵਾਂ ਜਨਰੇਟ ਕਰਵਾਇਆ ਜਾ ਸਕੇ।

5. ਇਹ ਵੀ ਸਪਸ਼ਟ ਕੀਤਾ ਜਾਂਦਾ ਹੈ, ਕਿ ਜਿਹੜੇ ਸਕੂਲ ਬੋਰਡ ਨਾਲ ਪਹਿਲਾ ਹੀ ਦਸਵੀਂ ਅਤੇ ਬਾਰਵੀਂ ਪੱਧਰ ਤੱਕ ਐਫੀਲੀਏਟ ਜਾਂ ਐਸੋਸੀਏਟ ਹਨ ਉਨ੍ਹਾਂ ਨੂੰ ਉਕਤ ਅਨੁਸਾਰ ਪ੍ਰੋਫਾਰਮਾ ਭਰਨ ਦੀ ਲੋੜ ਨਹੀ ਹੈ ।

**ਨੋਟ: ਉਕਤ ਅਨੁਸਾਰ ਕਾਰਵਾਈ ਲਈ ਆਨ-ਲਾਇਨ ਪੋਰਟ ਬੋਰਡ ਦੀ ਵੈੱਬ ਸਾਇਟ www.pseb.ac.in → braches→ affiliation branch→ online portal for 5th and 8th ਲਈ ਅਪਲਾਈ ਕਰ ਸਕਦੀਆਂ ਹਨ।**

Santi Kumar 30/8/19

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

# ਪੰਜਾਬ ਸਕੂਲ ਸਿੱਖਿਆ ਬੋਰਡ

ਪੰਜਵੀਂ ਅਤੇ ਅੱਠਵੀਂ ਪੱਧਰ ਤੱਕ ਐਫੀਲੀਏਸਨ ਲੈਣ ਲਈ ਸਡਿਊਲ:-

ਨਿਰਧਾਰਰਿਤ ਫੀਸ:- ਪੰਜਵੀਂ ਸ਼੍ਰੇਣੀ ਲਈ 5,000/-ਰੁ:

| ਵੇਰਵੇ | ਆਨਲਾਈਨ ਐਂਟਰੀ ਅਤੇ ਫੀਸ ਚਲਾਨ ਜਨਰੇਟ ਕਰਨ ਦੀ ਆਖਰੀ ਮਿਤੀ | ਫੀਸ ਚਲਾਨ ਬੈਂਕ ਵਿੱਚ ਜਮਾਂ ਕਰਵਾਉਣ ਦੀ ਆਖਰੀ ਮਿਤੀ | ਫਾਇਨਲ ਪ੍ਰਿੰਟ/ਦਸਤਾਵੇਜ ਐਫੀਲੀਏਸ਼ਨ ਸ਼ਾਖਾ ਵਿੱਚ ਜਮਾਂ ਕਰਵਾਉਣ ਦੀ ਆਖਰੀ ਮਿਤੀ |
|---|---|---|---|
| ਬਿਨਾਂ ਲੇਟ ਫੀਸ ਤੋ | 15-10-2019 ਤੱਕ | 22-10-2019 | 31-10-2019 |
| 500/- ਰੁਪਏ ਲੇਟ ਫੀਸ ਨਾਲ | 31-10-2019ਤੱਕ | 07-11-2019 | 13-11-2019 |

ਅੱਠਵੀਂ ਸ਼੍ਰੇਣੀ ਲਈ 8,000/-ਰੁ:

ਇੰਚਾਰਜ (ਐਫੀਲੀਏਸ਼ਨ)
ਵਾ: ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।